# ਡੁੱਲ੍ਹੇ ਅਤੇ ਲੀਕ ਹੋਏ ਤਰਲ ਨੂੰ ਵਾਤਾਵਰਣ ਵਿੱਚ ਦਾਖ਼ਲ ਹੋਣ ਤੋਂ ਰੋਕਣਾ

ਪ੍ਰਕਾਸ਼ਨ 1700 ਜੂਨ 2018 ਤੱਥ ਸ਼ੀਟ

## ਮੈਨੂੰ ਡੁੱਲ੍ਹੇ ਅਤੇ ਲੀਕ ਹੋਏ ਤਰਲ ਨੂੰ ਵਾਤਾਵਰਣ ਵਿੱਚ ਦਾਖ਼ਲ ਹੋਣ ਤੋਂ ਕਿਉਂ ਰੋਕਣਾ ਚਾਹੀਦਾ ਹੈ?

**ਹਰੇਕ ਤਰਲ (ਜੋ ਖ਼ਤਰਨਾਕ ਜਾਂ ਗ਼ੈਰ-ਹਾਨੀਕਾਰਕ ਲੱਗਦਾ ਹੋ) ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਅਤੇ ਮਨੁੱਖੀ ਸਿਹਤ ਨੂੰ ਨੁਕਸਾਨ ਪਹੁੰਚਾਉਣ ਦੀ ਸਮਰੱਥਾ ਰੱਖਦਾ ਹੈ।**

ਜਦੋਂ ਵਾਤਾਵਰਣ ਵਿੱਚ ਛੱਡੇ ਜਾਂਦੇ ਹਨ, ਤਾਂ ਤਰਲ ਪਦਾਰਥ:

- ਪੌਦਿਆਂ ਅਤੇ ਜਾਨਵਰਾਂ ਦੇ ਜੀਵਨ ਦਾ ਨੁਕਸਾਨ ਕਰ ਸਕਦੇ ਹਨ
- ਮਨੁੱਖਾਂ ਵਿੱਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਫ਼ੈਲਾਉਂਦੇ ਹਨ
- ਵਾਤਾਵਰਣ ਦੀ ਗੁਣਵੱਤਾ ਨੂੰ ਘਟਾਉਂਦੇ ਹਨ।

ਸਭ ਤੋਂ ਵਧੀਆ ਕੋਸ਼ਿਸ਼ਾਂ ਦੇ ਬਾਵਜੂਦ ਵੀ ਪਦਾਰਥ ਡੁੱਲ੍ਹ ਅਤੇ ਲੀਕ ਹੋ ਸਕਦੇ ਹਨ। ਇਹ ਤੱਥ-ਸ਼ੀਟ ਕੁੱਝ ਰੋਕਥਾਮ ਕਰਨਾ ਵਾਲੇ ਪੜਾਵਾਂ ਦੀ ਸੰਖੇਪ-ਜਾਣਕਾਰੀ ਦਿੰਦੀ ਹੈ ਜੋ ਤੁਸੀਂ ਪਦਾਰਥ ਡੁੱਲ੍ਹਣ ਅਤੇ ਲੀਕ ਹੋਣ ਅਤੇ ਆਪਣੀ ਸਹੂਲਤ ਦੇ ਸਥਾਨ ਤੋਂ ਬਾਹਰ ਫ਼ੈਲਣ ਨੂੰ ਘੱਟ ਕਰਨ ਲਈ ਕਰ ਸਕਦੇ ਹੋ। ਤੁਹਾਡੀ ਸਹੂਲਤ ਦੇ ਸਥਾਨ ਲਈ ਢੁੱਕਵੇਂ ਕਦਮਾਂ ਨੂੰ ਲਾਗੂ ਕਰਨਾ ਤੁਹਾਡੀਆਂ ਕਾਨੂੰਨੀ ਜ਼ਿੰਮੇਵਾਰੀਆਂ ਦਾ ਪ੍ਰਬੰਧਨ ਕਰਨ, ਵਾਤਾਵਰਣ ਅਤੇ ਮਨੁੱਖੀ ਸਿਹਤ ਨੂੰ ਨੁਕਸਾਨ ਤੋਂ ਬਚਾਉਣ ਅਤੇ ਪੈਸੇ ਬਚਾਉਣ ਵਿੱਚ ਤੁਹਾਡੀ ਮੱਦਦ ਕਰਦਾ ਹੈ।

## ਮੈਨੂੰ ਕੀ ਕਰਨਾ ਚਾਹੀਦਾ ਹੈ?

### ਜ਼ੋਖਮਾਂ ਦੀ ਪਛਾਣ ਕਰੋ ਅਤੇ ਕਾਰਵਾਈ ਕਰੋ

- ਪਦਾਰਥ ਡੁੱਲ੍ਹਣ ਅਤੇ ਲੀਕ ਹੋਣ ਕਾਰਨ ਪ੍ਰਦੂਸ਼ਣ ਹੋਣ ਦੀ ਸੰਭਾਵਨਾ ਵਾਲੇ ਖੇਤਰਾਂ ਅਤੇ ਗਤੀਵਿਧੀਆਂ ਦੀ ਪਛਾਣ ਕਰੋ।
- ਉਨ੍ਹਾਂ ਕਾਰਵਾਈਆਂ ਦੀ ਪਛਾਣ ਕਰੋ ਜੋ ਤੁਸੀਂ ਜ਼ੋਖਮ ਨੂੰ ਨਿਯੰਤਰਿਤ/ਘਟਾਉਣ ਲਈ ਕਰ ਸਕਦੇ ਹੋ ਅਤੇ ਫਿਰ ਉਨ੍ਹਾਂ ਨੂੰ ਲਾਗੂ ਕਰੋ।
- ਤਰਲ ਪਦਾਰਥ ਡੁੱਲ੍ਹਣ ਅਤੇ ਲੀਕ ਹੋਣ ਕਾਰਨ ਹੋਈ ਐਮਰਜੈਂਸੀ ਵਿੱਚ ਕੀ ਕਰਨਾ ਹੈ ਇਸ ਬਾਰੇ ਦੱਸਦੀ ਇੱਕ ਘਟਨਾ ਪ੍ਰਬੰਧਨ ਯੋਜਨਾ ਤਿਆਰ ਕਰੋ।
- ਆਪਣੇ ਸਟਾਫ਼ ਨੂੰ ਐਮਰਜੈਂਸੀ ਵਿੱਚ ਪਾਲਣਾ ਕਰਨ ਲਈ ਪ੍ਰਕਿਰਿਆਵਾਂ ਬਾਰੇ ਸੂਚਿਤ ਅਤੇ ਸਿੱਖਿਅਤ ਕਰੋ।

### ਆਪਣੀ ਸਾਈਟ (ਸਹੂਲਤ-ਸਥਾਨ) ਦਾ ਪ੍ਰਬੰਧਨ ਕਰੋ

- ਪਦਾਰਥ ਡੁੱਲ੍ਹਣ ਅਤੇ ਲੀਕ ਹੋਣ ਤੋਂ ਰੋਕੋ।
- ਕਿਸੇ ਵੀ ਪਦਾਰਥ ਡੁੱਲ੍ਹਣ ਅਤੇ ਲੀਕ ਹੋਣ 'ਤੇ ਉਸਨੂੰ ਆਪਣੇ ਸਹੂਲਤ-ਸਥਾਨ ਤੱਕ ਹੀ ਸੀਮਤ ਕਰੋ।
- ਇਹ ਯਕੀਨੀ ਬਣਾਉਣ ਲਈ ਬਾਹਰੀ ਖੇਤਰਾਂ ਦਾ ਪ੍ਰਬੰਧਨ ਕਰੋ ਕਿ ਸਿਰਫ਼ ਸਾਫ਼ ਪਾਣੀ ਹੀ ਸਹੂਲਤ-ਸਥਾਨ ਤੋਂ ਬਾਹਰ ਜਾਂਦਾ ਹੈ ਅਤੇ ਵਾਤਾਵਰਣ ਵਿੱਚ ਦਾਖਲ ਹੁੰਦਾ ਹੈ।
- ਮੀਂਹ ਦੇ ਗ਼ੈਰ-ਦੂਸ਼ਿਤ (ਸਾਫ਼) ਪਾਣੀ ਨੂੰ ਤਰਲ ਭੰਡਾਰਨ ਖੇਤਰਾਂ ਅਤੇ ਕਿਸੇ ਵੀ ਹੋਰ ਖੇਤਰਾਂ ਤੋਂ ਦੂਰ ਮੋੜੋ ਜਿੱਥੇ ਦੂਸ਼ਿਤ ਕਰਨਾ ਵਾਲੇ ਪਦਾਰਥ ਇੱਕਠੇ ਹੋ ਸਕਦੇ ਹਨ।
- ਕਿਸੇ ਲੀਕ ਲਈ ਕੰਟੇਨਰਾਂ ਅਤੇ ਸੈਕੰਡਰੀ ਕੰਟੇਨਮੈਂਟ (ਦੂਜੇ ਪੱਧਰ ਦੇ ਨਿਯੰਤਰਣ ਉਪਾਅ ਦੇ) ਬੁਨਿਆਦੀ ਢਾਂਚੇ ਦੀ ਅਕਸਰ ਜਾਂਚ ਕਰੋ।
- ਵਧੀਆ ਸਹੂਲਤ-ਸਥਾਨ ਪ੍ਰਬੰਧਨ ਲਈ ਆਪਣੇ ਯਤਨਾਂ ਨੂੰ ਦਰਸਾਉਣ ਲਈ ਸਾਰੀਆਂ ਗਤੀਵਿਧੀਆਂ (ਨਿਰੀਖਣ, ਰੱਖ-ਰਖਾਅ, ਆਡਿਟ, ਸਿਖਲਾਈ, ਸੁਧਾਰ ਯੋਜਨਾਵਾਂ) ਦਾ ਰਿਕਾਰਡ ਰੱਖੋ।

### ਆਪਣੇ ਤਰਲ ਪਦਾਰਥਾਂ ਨੂੰ ਸਹੀ ਢੰਗ ਨਾਲ ਸਟੋਰ ਕਰੋ

- ਤਰਲ ਪਦਾਰਥਾਂ ਨੂੰ ਉੱਥੇ ਸਟੋਰ ਕਰਨ ਤੋਂ ਬਚੋ ਜਿੱਥੇ ਪਾਣੀ ਦੇ ਪ੍ਰਦੂਸ਼ਣ ਜਾਂ ਜ਼ਮੀਨ ਦੇ ਦੂਸ਼ਿਤ ਹੋਣ ਦਾ ਵੱਧ ਜ਼ੋਖਮ ਹੈ (ਜਿਵੇਂ ਕਿ ਨੰਗੀ ਜ਼ਮੀਨ ਜਾਂ ਬਿਨ੍ਹਾਂ ਸੀਲ ਵਾਲੀਆਂ ਸਤਹਾਂ 'ਤੇ, ਨਾਲੀਆਂ, ਨਾਲਿਆਂ ਆਦਿ ਦੇ ਕੋਲ)।
- ਪਦਾਰਥ ਡੁੱਲ੍ਹਣ ਅਤੇ ਲੀਕ ਹੋਣ ਕਾਰਨ ਪ੍ਰਦੂਸ਼ਣ ਹੋਣ ਨੂੰ ਰੋਕਣ ਲਈ ਸਾਵਧਾਨੀ ਦੇ ਉਪਾਅ ਕਰੋ (ਜਿਵੇਂ ਕਿ ਇਮਾਰਤ ਦੇ ਅੰਦਰ ਕੰਟੇਨਰਾਂ ਨੂੰ ਸਟੋਰ ਕਰੋ, ਸੀਲਬੰਦ ਸਤਹਾਂ 'ਤੇ ਸਟੋਰ ਕਰੋ, ਸੈਕੰਡਰੀ ਕੰਟੇਨਮੈਂਟ (ਦੂਜੇ ਪੱਧਰ ਦੀਆਂ ਨਿਯੰਤਰਣ ਉਪਾਅ) ਪ੍ਰਣਾਲੀਆਂ ਨੂੰ ਲਾਗੂ ਕਰੋ ਅਤੇ ਕਾਇਮ ਰੱਖੋ)।
- ਜਾਂਚ ਕਰੋ ਕਿ ਕੀ ਇੱਥੇ ਸਟੋਰੇਜ ਦੀਆਂ ਵਾਧੂ ਲੋੜਾਂ ਹਨ (WorkSafe ਦੀਆਂ ਸ਼ਰਤਾਂ, ਲਾਗੂ ਹੁੰਦੇ ਆਸਟ੍ਰੇਲੀਆ ਦੇ ਮਿਆਰ)।

### ਹੋਰ ਜਾਣਕਾਰੀ

**1300 372 842** (1300 EPA VIC) ਜਾਂ **epa.vic.gov.au** 'ਤੇ EPA ਨਾਲ ਸੰਪਰਕ ਕਰੋ।

ਡਿਜ਼ਾਇਨ ਪ੍ਰਤੀ ਧਿਆਨ ਰੱਖਣ ਯੋਗ ਗੱਲਾਂ, ਮਾਤਰਾ ਦਾ ਮੁਲਾਂਕਣ ਕਰਨ ਲਈ ਦਿਸ਼ਾ-ਨਿਰਦੇਸ਼, ਅਤੇ ਸਮੱਗਰੀ ਦੀ ਚੋਣ ਸਮੇਤ ਸੈਕੰਡਰੀ ਕੰਟੇਨਮੈਂਟ (ਦੂਜੇ ਪੱਧਰ ਦੇ ਨਿਯੰਤਰਣ ਉਪਾਅ) ਬਾਰੇ ਵਧੇਰੇ ਜਾਣਕਾਰੀ ਲਈ *ਤਰਲ ਸਟੋਰੇਜ ਅਤੇ ਹੈਂਡਲਿੰਗ ਗਾਈਡਲਾਈਨ* (EPA ਪ੍ਰਕਾਸ਼ਨ 1698) ਵੇਖੋ।

**epa.vic.gov.au/liquids**

Authorised and published by Environment Protection Authority Victoria
200 Victoria Street, Carlton VIC 3053
**W** epa.vic.gov.au | **T** 1300 372 842 (1300 EPA VIC)

# ਡੁੱਲ੍ਹੇ ਅਤੇ ਲੀਕ ਹੋਏ ਤਰਲ ਨੂੰ ਵਾਤਾਵਰਣ ਵਿੱਚ ਦਾਖ਼ਲ ਹੋਣ ਤੋਂ ਰੋਕਣਾ

## ਜਿੱਥੇ ਲੋੜ ਹੋਵੇ ਸੈਕੰਡਰੀ ਕੰਟੇਨਮੈਂਟ (ਦੂਜੇ ਪੱਧਰ ਦੀਆਂ ਨਿਯੰਤਰਣ ਉਪਾਅ) ਪ੍ਰਣਾਲੀਆਂ ਦੀ ਵਰਤੋਂ ਕਰੋ

ਸੈਕੰਡਰੀ ਕੰਟੇਨਮੈਂਟ (ਦੂਜੇ ਪੱਧਰ ਦੀਆਂ ਨਿਯੰਤਰਣ ਉਪਾਅ) ਪ੍ਰਣਾਲੀਆਂ:

- ਤਰਲ ਪਦਾਰਥਾਂ ਨੂੰ ਵਾਤਾਵਰਣ ਵਿੱਚ ਬਾਹਰ ਨਿਕਲਣ ਤੋਂ ਰੋਕਦੀਆਂ ਹਨ ਜੇਕਰ ਪਹਿਲੀ ਤਰਲ ਸਟੋਰੇਜ ਕੰਟੇਨਰ ਜਾਂ ਟ੍ਰਾਂਸਫਰ ਵਿਧੀ ਫੇਲ੍ਹ ਹੋ ਜਾਂਦੀ ਹੈ ਜਾਂ ਇਸਤੋਂ ਬਗ਼ੈਰ ਤਰਲ ਪਦਾਰਥ ਜਾਂ ਤਾਂ ਡੁੱਲ੍ਹਦਾ ਜਾਂ ਲੀਕ ਹੁੰਦਾ ਹੈ
- ਇਸ ਵਿੱਚ ਸ਼ਾਮਲ ਹੋ ਸਕਦੇ ਹਨ:
  - **ਬੰਨ੍ਹ** - ਉੱਚੇ ਕੀਤੇ ਹੋਏ, ਤਰਲ ਨੂੰ ਵਿੱਚੋਂ ਨਾ ਲੰਘਣ ਦੇਣ ਵਾਲੇ ਬੈਰੀਅਰ (ਰੁਕਾਵਟਾਂ) ਜੋ ਸੈਕੰਡਰੀ ਕੰਟੇਨਮੈਂਟ ਖੇਤਰਾਂ (ਜਿਵੇਂ ਕਿ ਬੈਰੀਅਰ, ਗਟਰਿੰਗ, ਕਰਬਿੰਗ/ਵੱਟਾਂ) ਦੇ ਘੇਰੇ ਨੂੰ ਬਣਾਉਂਦੀਆਂ ਹਨ।
  - **ਘੇਰਾਬੰਦੀ** - ਅਟੁੱਟ ਸੈਕੰਡਰੀ ਕੰਟੇਨਮੈਂਟ ਵਾਲੇ ਸਟੋਰੇਜ ਕੰਟੇਨਰ (ਜਿਵੇਂ ਕਿ ਪਲਾਸਟਿਕ ਦੀਆਂ ਪਾਈਪਾਂ ਨੂੰ ਇੱਕ ਵੱਡੀ ਪਾਈਪ ਵਿੱਚ ਬੰਦ ਕੀਤਾ ਗਿਆ ਹੈ ਜੋ ਇੱਕ ਕਲੈਕਸ਼ਨ ਸੰਪ ( ਨਿਕਾਸੀ ਇਕੱਠਾ ਕਰਨਾ ਵਾਲੇ ਟੋਏ) ਵਿੱਚ ਜਾਂਦਾ ਹੈ; ਫੋਰਕਲਿਫਟ ਦੁਆਰਾ ਢੋ-ਢੁਆਈ ਦੌਰਾਨ ਵੱਡੇ, ਸੀਲਬੰਦ ਪਲਾਸਟਿਕ ਦੇ ਡਰੰਮਾਂ ਦੇ ਅੰਦਰ ਪਦਾਰਥ ਵਾਲੇ ਡਰੰਮ ਰੱਖਣਾ)।
  - **ਸੀਲਬੰਦ ਸਤ੍ਹਾ ਦੇ ਖੇਤਰਾਂ ਦੀ ਇੱਕ ਨਾ ਦਿਖਾਈ ਦੇਣ ਯੋਗ ਨਿਕਾਸੀ ਟੋਏ ਵਿੱਚ ਦਰਜਾਬੰਦੀ** - ਇੱਕ ਨਿਯੰਤਰਿਤ ਖੇਤਰ ਬਣਾਉਣ ਲਈ, ਜਾਂ ਤਾਂ ਇੱਕ ਇਮਾਰਤ ਦੇ ਹਿੱਸੇ ਵਜੋਂ ਜਾਂ ਬਾਹਰੀ ਢਾਂਚੇ ਦੇ ਰੂਪ ਵਿੱਚ।



## ਸਤ੍ਹਾ ਦੇ ਪ੍ਰਦੂਸ਼ਕਾਂ ਅਤੇ ਦੁਰਘਟਨਾ ਪੂਰਵਕ ਡੁੱਲ੍ਹੇ ਪਦਾਰਥ ਨੂੰ ਵਾਤਾਵਰਣ ਵਿੱਚ ਦਾਖਲ ਹੋਣ ਤੋਂ ਰੋਕਣ ਲਈ ਮੈਂ ਹੋਰ ਕਿਹੜੇ ਉਪਾਅ ਕਰਾਂ?

### ਫਸਟ ਫਲੱਸ਼ ਸਿਸਟਮ ਦੀ ਵਰਤੋਂ ਕਰਨ ਬਾਰੇ ਵਿਚਾਰ ਕਰੋ

ਫਸਟ ਫਲੱਸ਼ ਸਿਸਟਮ:

- ਮੀਂਹ ਦੌਰਾਨ ਬਾਹਰੀ ਸਤ੍ਹਾ 'ਤੇ ਇਕੱਠੇ ਹੋਏ ਪ੍ਰਦੂਸ਼ਕਾਂ ਨੂੰ ਮੀਂਹ ਦੇ ਪਾਣੀ ਵਾਲੀ ਪ੍ਰਣਾਲੀ ਵਿੱਚ ਦਾਖਲ ਹੋਣ ਤੋਂ ਰੋਕਦੇ ਹਨ
- ਹਰ ਮੀਂਹ ਪੈਣ ਦੀ ਘਟਨਾ ਦੌਰਾਨ ਫਸਟ ਫਲੱਸ਼ ਸਾਰੇ ਪਾਣੀ ਨੂੰ ਸਟੋਰੇਜ ਵਿੱਚ ਮੋੜ ਦਿੰਦੇ ਹਨ, ਜਿਸ ਨਾਲ ਦੂਸ਼ਿਤ ਪਾਣੀ ਦੀ ਜਾਂਚ, ਇਲਾਜ ਅਤੇ ਨਿਪਟਾਰਾ ਕੀਤਾ ਜਾ ਸਕਦਾ ਹੈ।

ਹਾਲਾਂਕਿ, ਇਹ ਇਸ ਗੱਲ ਦੀ ਗਾਰੰਟੀ ਨਹੀਂ ਦਿੰਦਾ ਹੈ ਕਿ ਸਹੂਲਤ-ਸਥਾਨ ਤੋਂ ਬਾਹਰ ਜਾਣ ਵਾਲਾ ਸਾਰਾ ਪਾਣੀ ਗੰਦਗੀ ਤੋਂ ਮੁਕਤ ਹੋਵੇਗਾ।

### ਸੈਕੰਡਰੀ ਕੰਟੇਨਮੈਂਟ ਖੇਤਰਾਂ ਦੀ ਗ਼ੈਰ-ਮੌਜੂਦਗੀ ਵਿੱਚ ਸਾਰੇ ਕੰਮ ਅੰਦਰਵਾਰ ਜਾਂ ਛੱਤ ਦੇ ਹੇਠਾਂ ਕਰਨ ਬਾਰੇ ਵਿਚਾਰ ਕਰੋ।

ਇਹ ਪ੍ਰਦੂਸ਼ਣ ਕਰਨ ਵਾਲੇ ਪਦਾਰਥਾਂ ਨੂੰ ਬਾਹਰੀ ਸਤ੍ਹਾ 'ਤੇ ਇਕੱਠੇ ਹੋਣ ਤੋਂ ਰੋਕਦਾ ਹੈ।

### ਸਹੂਲਤ-ਸਥਾਨ 'ਤੇ ਕੰਟੇਨਮੈਂਟ ਜਾਂ ਆਈਸੋਲੇਸ਼ਨ (ਬੰਦ) ਪ੍ਰਣਾਲੀਆਂ ਨੂੰ ਲਗਾਉਣ ਬਾਰੇ ਵਿਚਾਰ ਕਰੋ

ਸਹੂਲਤ-ਸਥਾਨ 'ਤੇ ਕੰਟੇਨਮੈਂਟ ਜਾਂ ਆਈਸੋਲੇਸ਼ਨ (ਬੰਦ) ਪ੍ਰਣਾਲੀਆਂ:

- ਤਰਲ ਪਦਾਰਥਾਂ ਨੂੰ ਮੀਂਹ ਦੇ ਪਾਣੀ ਵਾਲੇ ਪਰਨਾਲਿਆਂ ਰਾਹੀਂ ਜਾਂ ਡਰਾਈਵਵੇਅ ਜਾਂ ਗਲੀ ਵਿਚਲੀ ਡਰੇਨ ਅਤੇ ਗਟਰ ਪ੍ਰਣਾਲੀ ਦੇ ਰਸਤੇ ਹੇਠਾਂ ਵਹਿ ਕੇ ਸਹੂਲਤ-ਸਥਾਨ ਤੋਂ ਬਾਹਰ ਜਾਣ ਤੋਂ ਰੋਕ ਸਕਦੀਆਂ ਹਨ
- ਪਦਾਰਥ ਦੇ ਡੁੱਲ੍ਹਣ ਜਾਂ ਅੱਗ ਲੱਗਣ ਦੇ ਦੌਰਾਨ, ਜਾਂ ਪਦਾਰਥ ਡੁੱਲ੍ਹਣ ਦੇ ਵੱਧ ਜ਼ੋਖਮ ਵਾਲੇ ਸਮਿਆਂ (ਜਿਵੇਂ ਕਿ ਡਿਲੀਵਰੀ ਜਾਂ ਡਿਸਪੈਚ) ਦੌਰਾਨ ਡੁੱਲ੍ਹੇ ਤਰਲ ਨੂੰ ਰੱਖਣ ਅਤੇ ਸਾਫ਼ ਕਰਨ ਲਈ ਵਾਧੂ ਸਮਾਂ ਪ੍ਰਦਾਨ ਕਰਦੀਆਂ ਹਨ।




### ਪਦਾਰਥ ਡੁੱਲ੍ਹਣ ਜਾਂ ਲੀਕ ਹੋਣ ਦੀ ਸਥਿਤੀ ਵਿੱਚ ਮੈਨੂੰ ਕੀ ਕਰਨਾ ਚਾਹੀਦਾ ਹੈ?

**ਤੁਹਾਨੂੰ ਉਨ੍ਹਾਂ ਘਟਨਾਵਾਂ ਦੀ ਰਿਪੋਰਟ ਕਰਨੀ ਚਾਹੀਦੀ ਹੈ ਜੋ ਵਾਤਾਵਰਣ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।**




ਵਧੇਰੇ ਜਾਣਕਾਰੀ ਲਈ EPA ਵਿਕਟੋਰੀਆ ਨੂੰ **1300 372 842** (1300 EPA VIC) ਜਾਂ ਈਮੇਲ contact@epa.vic.gov.au ' ਤੇ ਸੰਪਰਕ ਕਰੋ।

ਜੇਕਰ ਘਟਨਾ ਕਾਰੋਬਾਰੀ ਸਮੇਂ ਤੋਂ ਬਾਹਰ ਵਾਪਰਦੀ ਹੈ ਤਾਂ ਤੁਸੀਂ ਅਜੇ ਵੀ EPA ਵਿਕਟੋਰੀਆ ਨਾਲ ਸੰਪਰਕ ਕਰਨ ਦੇ ਯੋਗ ਹੋਵੋਗੇ।



VICTORIA State Government
Authorised and published by Environment Protection Authority Victoria
200 Victoria Street, Carlton VIC 3053
W epa.vic.gov.au | T 1300 372 842 (1300 EPA VIC)